# ਮਹੀਨਾਵਾਰ ਟੈਸਟ, ਨਵੰਬਰ-2010
## ਵਿਸ਼ਾ : ਪੰਜਾਬੀ, ਜਮਾਤ : ਸੱਤਵੀਂ

**ਸਮਾਂ:** 40 **ਮਿੰਟ** **ਕੁਲ ਅੰਕ:** 20

**ਪ੍ਰ:1 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਚਾਰ ਦੇ ਉੱਤਰ ਸੰਖੇਪ ਵਿੱਚ ਦਿਉ:-** (1×4=4)

(ੳ) 'ਜੀਅ ਕਰੇ' ਕਵਿਤਾ ਵਿੱਚ ਕਵੀ ਦਾ ਕੀ-ਕੀ ਬਣਨ ਨੂੰ ਜੀਅ ਕਰਦਾ ਹੈ ?
(ਅ) ਕੁੜੀਆਂ ਰਾਤ ਵੇਲੇ ਪਾਰਕ ਵਿੱਚ ਕੀ ਕਰ ਰਹੀਆਂ ਸਨ ?
(ੲ) ਲਾਲਾ ਲਾਜਪਤ ਰਾਏ ਜੀ ਨੇ ਅਮਰੀਕਾ ਵਿੱਚ ਰਹਿ ਕੇ ਕੀ ਕੀਤਾ ?
(ਸ) ਆਕਟੂਪਸ ਨਾਂ ਦੇ ਜੀਵ ਦੀ ਕੀ ਵਿਸ਼ੇਸ਼ਤਾ ਹੈ ?
(ਹ) ਨਦੀਆਂ ਦਾ ਪਾਣੀ ਮਨੁੱਖ ਲਈ ਕਿਵੇਂ ਲਾਭਦਾਇਕ ਹੈ ?
(ਕ) ਕੁੜੀਆਂ ਰਾਤ ਨੂੰ ਸਾਈਕਲ ਚਲਾਉਣਾ ਕਿਉਂ ਸਿੱਖ ਰਹੀਆਂ ਸਨ ?

**ਪ੍ਰ:2 ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿੱਚ ਵਰਤੋਂ:-** (1×2=2)

(ੳ) ਬੰਜਰ (ਅ) ਰਸ ਭਰਿਆ
(ੲ) ਸੰਗ (ਸ) ਕੁਰਬਾਨੀ

**ਪ੍ਰ:3 ਖਾਲ੍ਹੀ ਥਾਵਾਂ ਭਰੋ:-** (1×5=5)

(ੳ) ਲਾਲਾ ਜੀ ਨੇ ਸਾਰੀ ਉਮਰ ਅੰਗਰੇਜ਼ਾਂ ਨਾਲ ......... ਲਾਇਆ।
(ਅ) ਲਾਲਾ ਜੀ ਨੇ ਲਾਹੌਰ ਤੋਂ ..................... ਪਾਸ ਕੀਤੀ।
(ੲ) ਅਮਰੀਕਾ ਵਿੱਚ ਰਹਿ ਕੇ ਲਾਲਾ ਜੀ ਨੇ ............... ਨਾਂ ਦੀ ਅਖਬਾਰ ਸ਼ੁਰੂ ਕੀਤੀ।
(ਸ) ਜੈਲੀਫਿਸ਼ ਬਹੁਤ .................. ਹੁੰਦੀ ਹੈ।
(ਹ) ਸਟਾਰ-ਫਿਸ਼ ਦੀਆਂ .................. ਬਾਹਾਂ ਹੁੰਦੀਆਂ ਹਨ।

**ਪ੍ਰ:4 ਹੇਠ ਲਿਖੇ ਸ਼ਬਦ-ਜੋੜਿਆਂ ਨੂੰ ਮਿਲਾਉ:-** (1×5=5)

| | |
|---|---|
| ਅਜਬ | ਜ਼ਹਿਰੀਲੀ |
| ਲਹਿਰਾ | ਪਾਣੀ |
| ਵਿਸ਼ੈਲੀ | ਰੋਸ਼ਨੀ |
| ਚਾਨਣ | ਅਦਭੁਤ |
| ਨੀਰ | ਤਰੰਗਾਂ |

**ਪ੍ਰ:5 ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ-ਇੱਕ ਸ਼ਬਦ ਲਿਖੋ:-** (1×4=4)

(ੳ) ਉਹ ਥਾਂ ਜਿੱਥੇ ਕੋਈ ਨਾ ਵਸਦਾ ਹੋਵੇ।
(ਅ) ਜਿਹੜੀ ਘਟਨਾ ਆਪਣੇ ਨਾਲ ਵਾਪਰੀ ਹੋਵੇ।
(ੲ) ਜਿਸ ਰਾਤ ਪੂਰਾ ਚੰਨ ਚੜ੍ਹਿਆ ਹੋਵੇ।
(ਸ) ਬਿਨਾ ਸਵਾਰਥ ਦੇ ਦੂਜਿਆਂ ਦੀ ਭਲਾਈ ਲਈ ਕੀਤਾ ਕੰਮ।